ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਈਮੇਲ ਆਈ.ਡੀ deose.bathinda@punjabeducation.gov.in

ਵੱਲ

ਪ੍ਰਿੰਸੀਪਲ

ਸਸਸਸ ਬਠਿੰਡਾ।

ਪੱਤਰ ਨੰਬਰ ਜੀ-5/1()/2025/220 ਮਿਤੀ ਬਠਿੰਡਾ : 06/11/2025

ਵਿਸ਼ਾ:- **ਡਾ. ਅੰਬੇਦਕਰ ਪੋਰਟਲ ਤੇ ਵਿਦਿਆਰਥੀਆਂ ਦੀਆਂ ਐਪਲੀਕੇਸ਼ਨਾਂ ਨੂੰ ਸੈਕਸ਼ਨ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਸਟੂਡੈਂਟਸ ਵਜ਼ੀਫਾ ਸਕੀਮ ਤਹਿਤ ਵਿਦਿਆਰਥੀਆਂ ਵੱਲੋਂ ਡਾ. ਅੰਬੇਦਕਰ ਪੋਰਟਲ ਤੇ ਵਜ਼ੀਫੇ ਲਈ ਅਪਲਾਈ ਕੀਤਾ ਗਿਆ ਹੈ ਅਤੇ ਜ਼ਿਨ੍ਹਾਂ ਸਕੂਲਾਂ ਵੱਲੋਂ ਵਿਦਿਆਰਥੀਆਂ ਦੀਆਂ ਐਪਲੀਕੇਸ਼ਨਾਂ ਜ਼ਿਲ੍ਹਾ ਲੈਵਲ ਤੇ ਫਾਰਵਰਡ ਕੀਤੀਆਂ ਗਈਆਂ ਹਨ ਨਾਲ ਨੱਥੀ ਲਿਸਟ ਵਿੱਚ ਦਰਜ ਦਫਤਰ ਵੱਲੋਂ ਦਿੱਤੇ ਸਮੇਂ ਤੇ ਦਸਤਾਵੇਜ਼ ਚੈੱਕ ਕਰਵਾਉਣੇ ਯਕੀਨੀ ਬਣਾਏ ਜਾਣ।ਨਾਲ ਨੱਥੀ ਸ਼ਡਿਊਲ ਅਨੁਸਾਰ ਮਿਤੀ 10-11-2025, 11-11-2025, 12-11-2025, 13-11-2025, 14-11-2025 ਅਤੇ 17-11-2025 ਨੂੰ ਸਵੇਰੇ 10:00 ਤੋਂ ਦੁਪਹਿਰ 03:00 ਵਜੇ ਸਹੀ ਕਰਤਾ ਦੇ ਦਫਤਰ ਵਿਖੇ ਵਜ਼ੀਫਾ ਸ਼ਾਖਾ ਕਮਰਾ ਨੰ 457, ਤੀਜੀ ਮੰਜ਼ਿਲ, ਮਿਨੀ ਸੈਕਟ੍ਰੀਏਟ ਬਠਿੰਡਾ ਵਿਖੇ ਇਹਨਾਂ ਐਪਲੀਕੇਸ਼ਨਾਂ ਨੂੰ ਸੈਕਸ਼ਨ ਕੀਤਾ ਜਾਣਾ ਹੈ।ਨਾਲ ਨੱਥੀ ਦਿੱਤੇ ਹੋਏ ਸ਼ਡਿਊਲ ਵਿੱਚ ਕੋਈ ਵੀ ਬਦਲਾਵ ਨਹੀਂ ਕੀਤਾ ਜਾਵੇਗਾ।ਇਸ ਲਈ ਸੈਕਸ਼ਨ ਕਰਵਾਉਣ ਲਈ ਹੇਠ ਲਿਖੇ ਦਸਤਾਵੇਜ਼ ਪ੍ਰਤੀ ਵਿਦਿਆਰਥੀ ਨਾਲ ਲਿਆਂਦੇ ਜਾਣ।ਇਹਨਾਂ ਐਪਲੀਕੇਸ਼ਨਾ ਨੂੰ ਹੇਠ ਅਨੁਸਾਰ ਕਮੇਟੀ ਵੱਲੋਂ ਸੈਕਸ਼ਨ ਕੀਤਾ ਜਾਣਾ ਹੈ।

ਨੋਟ :- ਸਬੰਧਤ ਸੰਸਥਾ ਨੂੰ ਨਿਰਧਾਰਤ ਕੀਤੀ ਮਿਤੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਕੋਈ ਵੀ ਫਾਰਮ ਸੈਕਸ਼ਨ ਨਹੀ ਕੀਤਾ ਜਾਵੇਗਾ।ਨਿਰਧਾਰਤ ਮਿਤੀ/ਸਮੇਂ ਤੇ ਵਜੀਫਾ ਸੈਕਸ਼ਨ ਨਾ ਕਰਵਾਉਣ ਦੀ ਸੂਰਤ ਵਿੱਚ ਨਿਰੋਲ ਜਿਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ
ਸਬੰਧਤ ਤਹਿਸੀਲ ਭਲਾਈ ਅਫਸਰ ਬਠਿੰਡਾ — ਚੇਅਰਮੈਨ
ਸਬੰਧਤ ਸੰਸਥਾ ਮੁੱਖੀ — ਕਨਵੀਨਰ
ਵਿਦਿਆਰਥੀ ਦੇ ਲੋੜੀਦੇ ਦਸਤਾਵੇਜ਼ — ਮੈਂਬਰ

1. ਸਾਲ 2025-26 ਦਾ ਅਪਲੀਕੇਸ਼ਨ ਫਾਰਮ ਅਤੇ ਫਰੀਸ਼ਿਪ ਕਾਰਡ
2. ਤਹਿਸੀਲਦਾਰ ਵੱਲੋਂ ਜਾਰੀ ਫਰੈਸ਼ ਕੇਸ ਵਿੱਚ ਆਮਦਨ ਸਰਟੀਫਿਕੇਟ ਦੀ ਕਾਪੀ (1 ਅਪ੍ਰੈਲ 2025 ਤੋਂ ਬਣਿਆ ਹੋਣਾ ਚਾਹੀਦਾ ਹੈ)
3. **ਸਮੱਰਥ ਅਥਾਰਟੀ ਵੱਲੋਂ ਜਾਰੀ ਜਾਤੀ ਸਰਟੀਫਿਕੇਟ ।**
4. **ਵਿਦਿਆਰਥੀ ਦੇ ਅਧਾਰ ਕਾਰਡ ਦੀ ਕਾਪੀ (ਪੋਰਟਲ ਡਿਟੇਲ ਨਾਲ ਮੇਲ ਖਾਂਦੀ)।**
5. **ਵਿਦਿਆਰਥੀ ਦੇ ਰੈਜੀਡੈਂਸ ਸਰਟੀਫਿਕੇਟ ਦੀ ਕਾਪੀ।**
6. **ਸੈਸ਼ਨ 2024-25 ਦੌਰਾਨ ਪਾਸ ਕੀਤੀ ਜਮਾਤ ਦੀ ਡੀ.ਐਮ.ਸੀ ਦੀ ਕਾਪੀ।**
7. **ਵਿਦਿਆਰਥੀ ਦੀ ਹਾਜ਼ਰੀ ਰਿਪੋਰਟ।**
8. **ਵਿਦਿਆਰਥੀ ਵੱਲੋਂ ਦਿੱਤੀ ਜਾਣ ਵਾਲੀ ਅੰਡਰਟੇਕਿੰਗ (ਪੋਰਟਲ ਅਨੁਸਾਰ)।**
9. **ਕਿਸੇ ਹੋਰ ਸਕੀਮ ਵਿੱਚ ਵਜ਼ੀਫਾ ਅਪਲਾਈ ਨਾ ਕੀਤੇ ਹੋਣ ਸਬੰਧੀ ਸਰਟੀਫਿਕੇਟ।**
10. ਵਿਦਿਆਰਥੀਆਂ ਦੀਆਂ ਫੀਸਾਂ ਦਾ ਵੇਰਵਾ।
11. ਓ.ਟੀ.ਆਰ ਨੰਬਰ ਦੀ ਕਾਪੀ (NSP Portal ਅਨੁਸਾਰ)
12. ਸਕੂਲ ਦੀ ਆਈ.ਡੀ ਵਿੱਚ ਸਾਰੇ ਵਿਦਿਆਰਥੀਆਂ ਦੇ ਓ.ਟੀ.ਆਰ ਭਰੇ ਹੋਣੇ ਯਕੀਨੀ ਬਣਾਏ ਜਾਣ।ਜੇਕਰ ਕਿਸੇ ਵੀ ਵਿਦਿਆਰਥੀ ਦਾ ਓ.ਟੀ.ਆਰ ਨੰਬਰ ਵਿਦਿਆਰਥੀ ਦੀ ਆਈ.ਡੀ ਵਿੱਚ ਨਹੀਂ ਭਰਿਆ ਹੋਵਾਗਾ ਉਸਦਾ ਕੋਈ ਵੀ ਦਸਤਾਵੇਜ ਚੈੱਕ ਨਹੀਂ ਹੋਵੇਗਾ।
12. ਸਾਰੇ ਦਸਤਾਵੇਜ ਸਕੂਲ ਮੁੱਖੀ ਵੱਲੋਂ ਅਟੈਸਟਡ ਕਰਵਾਉਣੇ ਲਾਜ਼ਮੀ ਹਨ।

ਨੋਟ : ਵਿਦਿਆਰਥੀ ਦੇ ਦਸਤਾਵੇਜ਼ ਚੈੱਕ ਲਿਸਟ ਅਨੁਸਾਰ ਹੀ ਲਗਾਏ ਜਾਣ।

ਇਸ ਤੋ ਇਲਾਵਾ ਸੰਸਥਾ ਵੱਲੋਂ ਵੀ ਦਫਤਰ ਨੂੰ ਆਪਣੇ ਸਕੂਲ ਦੀ ਇੱਕ ਫਾਈਲ ਜਮ੍ਹਾ ਕਰਵਾਈ ਜਾਣੀ ਹੈ, ਜਿਸ ਵਿੱਚ ਹੇਠ ਲਿਖੇ ਦਸਤਾਵੇਜ਼ ਜਮ੍ਹਾ ਕਰਵਾਏ ਜਾਣ।

1. ਕਵਰਿੰਗ ਲੈਟਰ ਜੋ ਕਿ ਸੈਕਸ਼ਨਿੰਗ ਅਥਾਰਟੀ ਦੇ ਚੇਅਰਮੈਨ (ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ) ਬਠਿੰਡਾ) ਨੂੰ ਸੰਬੋਧਿਤ ਹੋਵੇ।
2. ਸੰਸਥਾ ਮੁੱਖੀ ਵੱਲੋਂ ਦਿੱਤਾ ਹਲਫੀਆ ਬਿਆਨ/ਅੰਡਰਟੇਕਿੰਗ।
3. ਇਸ ਪੱਤਰ ਨਾਲ ਨੱਥੀ ਨੋਟਿੰਗ ਪ੍ਰਿੰਸੀਪਲ ਦੇ ਹਸਤਾਖਰ ਕਰਵਾ ਕੇ ਲਿਆਂਦੀ ਜਾਵੇ ਜੋ ਕਿ ਇਸ ਦਫਤਰ ਵਿਖੇ ਹੀ ਭਰੀ ਜਾਵੇਗੀ।
4. ਡਰਾਫਟ ਪਰਪੋਜ਼ਲ ਦੀ ਕਾਪੀ ਜੋ ਪੋਰਟਲ ਤੇ ਉਪਲਬਧ ਹੈ ਅਤੇ ਐਪਲੀਕੇਸ਼ਨ ਦੀਆਂ ਲਿਸਟਾਂ।(ਡਾਟਾ ਲਾਕ ਕਰਨ ਉਪਰੰਤ ਡਰਾਫਟ ਪਰਪੋਜ਼ਲ)
5. ਸੰਸਥਾ ਵੱਲੋਂ ਲਈਆਂ ਜਾਂਦੀਆਂ ਫੀਸਾਂ ਦਾ ਵੇਰਵਾ (ਲੈਟ ਪੈਡ ਤੇ) ।
6. ਸੈਸ਼ਨ 2024-25 ਦੇ ਰਿਜਲਟ/ਗਜ਼ਟ ਦੀ ਕਾਪੀ

06/11/25
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ
6/11/25

Scanned with OKEN Scanner